## ਮਾਤਾ ਖੀਵੀ ਜੀ

ਕਿਸੇ ਜੁੱਗ ਵਿੱਚ ਵੀ ਔਰਤ ਨੂੰ ਇਤਨਾ ਵੱਡਾ ਮਾਣ-ਸਨਮਾਨ ਨਹੀਂ ਮਿਲਿਆ, ਜਿਤਨਾ ਕਿ ਗੁਰੂ ਘਰ ਵਿੱਚ ਮਿਲਿਆ ਹੈ । ਗੁਰੂ ਸਾਹਿਬਾਨ ਤੋਂ ਪਹਿਲਾਂ ਵੀ, ਗੁਰੂ ਕਾਲ ਦੌਰਾਨ ਵੀ ਅਤੇ ਹੁਣ ਵੀ ਸਮਾਜਿਕ ਤੌਰ ਤੇ ਪੱਥਰ ਦੀ ਔਰਤ ਦੀ ਪੂਜਾ ਦੇਵੀ ਦੇ ਰੂਪ ਵਿੱਚ ਕੀਤੀ ਜਾਂਦੀ ਹੈ, ਪਰ ਹੱਡ-ਮਾਸ ਦੀ ਅਸਲ ਔਰਤ ਨਾਲ ਨਿੱਤ ਬੁਰਾ ਵਿਹਾਰ ਹੁੰਦਾ ਹੈ । ਔਰਤ ਦੀ ਤਾਕਤ ਨੂੰ ਪ੍ਰਵਾਨ ਤਾਂ ਕੀਤਾ ਜਾਂਦਾ ਹੈ, ਪਰ ਔਰਤ ਦੀ ਹੋਂਦ ਨੂੰ ਸਦਾ ਹੀ ਪੈਰਾਂ ਥੱਲੇ ਰੋਲਿਆ ਜਾਂਦਾ ਹੈ । ਔਰਤ ਦੀ ਤੁਲਨਾ ਢੋਰ, ਪਸ਼ੂ ਅਤੇ ਗਵਾਰ ਨਾਲ ਕਰਕੇ ਉਸ ਦੀ ਨਿੰਦਾ ਕੀਤੀ ਜਾਂਦੀ ਹੈ । ਪਰ ਗੁਰੂ ਨਾਨਕ ਸਾਹਿਬ ਜੀ ਨੇ ਹੀ ਪਹਿਲੀ ਵਾਰ ਇਸ ਦੀ ਹੋਂਦ ਨੂੰ ਸਤਿਕਾਰ ਨਾਲ ਸਵੀਕਾਰ ਕੇ ਫੁਰਮਾਇਆ ਹੈ :-

**"ਸੋ ਕਿਉ ਮੰਦਾ ਆਖੀਐ, ਜਿਤ ਜੰਮਹਿ ਰਾਜਾਨ ॥"** **(ਗੁਰੂ ਗ੍ਰੰਥ ਸਾਹਿਬ-ਅੰਗ 473)**

ਗੁਰੂ ਸਾਹਿਬਾਨ ਨੇ ਔਰਤ ਨੂੰ ਚੰਗੇ ਅਤੇ ਕੋਮਲ ਗੁਣਾਂ ਵਾਲੀ ਮੰਨਿਆ ਹੈ ਅਤੇ ਇਹਨਾਂ ਗੁਣਾਂ ਨੂੰ ਪੁਰਸ਼ ਨੂੰ ਵੀ ਆਪਣੇ ਅੰਦਰ ਵਸਾ ਲੈਣ ਦੀ ਪ੍ਰੇਰਣਾ ਦਿੱਤੀ ਹੈ । ਗੁਰੂ ਸਾਹਿਬ ਜੀ ਨੇ ਸਮਝਾਇਆ ਕਿ ਔਰਤ ਵਾਲੇ ਗੁਣ ਧਾਰਨ ਕਰਨ ਨਾਲ ਹੀ ਅਸੀਂ ਪਤੀ-ਪਰਮਾਤਮਾ ਦਾ ਪਿਆਰ ਪਾ ਸਕਦੇ ਹਾਂ 'ਭਾਵ' ਸ਼ੁੱਭ ਇਨਸਾਨੀ ਗੁਣ ਕੁਦਰਤ ਨੇ ਔਰਤ ਨੂੰ ਹੀ ਵਧੇਰੇ ਬਖਸ਼ੇ ਹਨ ਅਤੇ ਇਹਨਾਂ ਗੁਣਾਂ ਕਰਕੇ ਹੀ ਉਹ ਉੱਤਮ ਮੰਨੀ ਗਈ ਹੈ ਕਿਉਂਕਿ ਔਰਤ ਦੀ ਸ਼ਖ਼ਸੀਅਤ ਨੂੰ ਕੁਦਰਤ ਨੇ ਇਤਨੇ ਸ਼ੁੱਭ ਗੁਣਾਂ ਨਾਲ ਸ਼ਿੰਗਾਰ ਦਿੱਤਾ ਹੈ ਕਿ ਝੂਠੀ ਲੋਕ ਪ੍ਰਸ਼ੰਸਾ ਅਤੇ ਵਡਿਆਈ ਦੀ ਉਸ ਨੂੰ ਲੋੜ ਹੀ ਨਹੀਂ ਭਾਸਦੀ ਅਤੇ ਜੇ ਐਸਾ ਕੁਝ ਸੁੱਤੇ ਸਿੱਧ ਮਿਲ ਵੀ ਜਾਏ ਤਾਂ ਉਹ ਪਤੀ, ਭਰਾ, ਪਿਤਾ ਜਾਂ ਸੰਤਾਨ ਦੇ ਨਾਂ ਕਰਕੇ ਖ਼ੁੱਦ ਗੁਪਤ ਰਹਿਣਾ ਹੀ ਲੋਚਦੀ ਹੈ । ਜੋ ਔਰਤਾਂ ਝੂਠੇ ਲੋਕ-ਵਿਖਾਵੇ ਜਾਂ ਪ੍ਰਸ਼ੰਸਾ ਵਲ ਤੁਰਦੀਆਂ ਹਨ, ਉਹ ਕਿਤੇ ਨਾ ਕਿਤੇ ਔਰਤ ਦੇ ਸ਼ੁਭ ਗੁਣਾਂ ਤੋਂ ਵਾਂਝੀਆਂ ਹੁੰਦੀਆਂ ਹਨ ।

ਗੁਰੂ ਸਾਹਿਬ ਜੀ ਹਰ ਔਰਤ ਵਿੱਚ ਇਹ ਗੁਣ ਵੇਖਣੇ ਚਾਹੁੰਦੇ ਸਨ, ਇਸੇ ਕਰਕੇ ਉਹਨਾਂ ਨੇ ਔਰਤ ਨੂੰ ਜਿਸਮ ਜਾਂ ਆਕਾਰ ਰੂਪ ਵਿੱਚ ਵੇਖਣ ਦੀ ਬਜਾਇ ਉਸ ਨੂੰ ਕੇਵਲ ਗੁਣ ਰੂਪ ਵਿੱਚ ਹੀ ਦੇਖਿਆ ਹੈ । ਗੁਰੂ ਘਰ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਾਲੀਆਂ ਔਰਤਾਂ ਉਪਰੋਕਤ ਸ਼ੁੱਭ ਗੁਣਾਂ ਨਾਲ ਸ਼ਿੰਗਾਰੀਆਂ ਮਿਲਦੀਆਂ ਹਨ ਅਤੇ ਹਰ ਸਮੇਂ ਗੁਰੂ ਸਾਹਿਬਾਨ ਦੀ ਪਿੱਠ ਤੇ ਖਲੋਤੀਆਂ ਨਜ਼ਰ ਆਉਂਦੀਆਂ ਹਨ । ਉਹਨਾਂ ਨੇ ਸਿੱਖ ਬੀਬੀਆਂ ਲਈ ਮਾਰਗ ਦਰਸ਼ਨ ਦੇ ਤੌਰ ਤੇ ਕੰਮ ਕੀਤਾ ਹੈ । ਜੇ ਪਹਿਲੀ ਸਿੱਖ ਬੀਬੀ ਬੇਬੇ ਨਾਨਕੀ ਹੈ ਤਾਂ ਪਹਿਲੀ ਤਿਆਗਣ ਬੀਬੀ ਸੁਲੱਖਣੀ ਜੀ ਹਨ । ਇਸੇ ਤਰ੍ਹਾਂ ਸੇਵਾ ਦੇ ਰੂਪ ਵਿੱਚ ਗੁਰੂ ਅੰਗਦ ਸਾਹਿਬ ਜੀ ਦੇ ਮਹਿਲ ਮਾਤਾ ਖੀਵੀ ਜੀ ਦਾ ਨਾਂ ਆਉਂਦਾ ਹੈ । ਜਿਹਨਾਂ ਨੇ ਭਗਤੀ, ਸੇਵਾ ਅਤੇ ਤਿਆਗ ਕਾਰਣ ਸਿੱਖ ਇਤਿਹਾਸ ਵਿੱਚ ਹੀ ਨਹੀਂ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਯਥਾਯੋਗ ਸਥਾਨ ਪ੍ਰਾਪਤ ਕੀਤਾ ਹੈ ।

ਮਾਤਾ ਖੀਵੀ ਜੀ ਬਚਪਨ ਤੋਂ ਹੀ ਮਿੱਠੇ ਸੁਭਾਅ ਵਾਲੇ ਅਤੇ ਸ਼ੁੱਭ ਗੁਣਾਂ ਦੇ ਧਾਰਨੀ ਸਨ । ਆਪ ਦੇ ਪਿਤਾ ਜੀ ਦਾ ਨਾਂ ਭਾਈ ਦੇਵੀ ਚੰਦ ਜੀ ਸੀ । ਆਪ ਜੀ ਦਾ ਜਨਮ ਖਡੂਰ ਸਾਹਿਬ ਦੇ ਨੇੜੇ ਦੇ ਇੱਕ ਪਿੰਡ ਵਿੱਚ

ਹੋਇਆ । ਖੀਵੀ ਜੀ ਦਾ ਰਿਸ਼ਤਾ ਭਾਈ ਲਹਿਣਾ ਜੀ ਨਾਲ ਮਾਤਾ ਵਿਰਾਈ ਜੀ ਨੇ ਹੀ ਕਰਵਾਇਆ ਸੀ । ਬੀਬੀ ਵਿਰਾਈ ਜੀ ਚੌਧਰੀ ਤਖ਼ਤ ਮਲ੍ਹ ਦੀ ਪੁੱਤਰੀ ਸੀ, ਜਿਸ ਪਾਸ ਗੁਰੂ ਅੰਗਦ ਸਾਹਿਬ ਜੀ ਦੇ ਪਿਤਾ ਭਾਈ ਫੇਰੂ ਮਲ੍ਹ ਜੀ ਨੌਕਰੀ ਕਰਦੇ ਸਨ ।

ਇਹ ਵਿਆਹ ਸੰਨ 1519 ਈਸਵੀ ਵਿੱਚ ਹੋਇਆ । ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਮਲ੍ਹ ਜੀ ਹਰ ਸਾਲ ਇੱਕ ਜੱਥਾ ਲੈ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ । ਬਾਬਾ ਫੇਰੂ ਮਲ੍ਹ ਜੀ ਸੰਨ 1526 ਈਸਵੀ ਵਿੱਚ ਅਕਾਲ ਚਲਾਣਾ ਕਰ ਗਏ ਤਾਂ ਇਸ ਜੱਥੇ (ਸੰਗ) ਦੀ ਅਗਵਾਈ ਕਰਨ ਦਾ ਭਾਰ ਵੀ ਭਾਈ ਲਹਿਣਾ ਜੀ ਦੇ ਮੋਢਿਆਂ ਤੇ ਆ ਪਿਆ । ਪਰ ਆਪ ਛੇਤੀ ਹੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਭਾਵ ਕਾਰਨ ਸਿੱਖ ਬਣ ਕੇ ਗੁਰੂ ਸਾਹਿਬ ਜੀ ਕੋਲ ਕੁਝ ਸਮਾਂ ਰੁਕ ਗਏ ਸਨ ।

ਇਸ ਦੌਰਾਨ ਭਾਈ ਲਹਿਣਾ ਜੀ ਨੂੰ ਵਾਪਸ ਜੱਥੇ ਨਾਲ ਨਾ ਆਇਆ ਦੇਖ ਕੇ ਲੋਕੀਂ ਮਾਤਾ ਖੀਵੀ ਜੀ ਨੂੰ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਹਿਣ ਲੱਗ ਪਏ । ਪਰ ਮਾਤਾ ਜੀ ਦਾ ਸਦਾ ਪਤੀ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਗੁਣ ਹੀ ਸੀ, ਜੋ ਐਸੇ ਬਿਖੜੇ ਸਮੇਂ ਤੇ ਆਪਣੇ ਪੈਰਾਂ ਤੇ ਅਡੋਲ ਖੜੇ ਰਹਿ ਕੇ ਆਪ ਜੀ ਨੇ ਲਹਿਣਾ ਜੀ ਦੀ ਪਿੱਠ ਪੂਰੀ ਅਤੇ ਲੋਕਾਂ ਨੂੰ ਜਵਾਬ ਦਿੱਤਾ ਕਿ "ਜੇ ਉਹ ਗੋਦੜੀ ਪਾਵੇਗਾ ਤਾਂ ਮੈਂ ਲੀਰਾਂ ਹੰਢਾਸਾਂ । ਜਿਸ ਹਾਲ ਰਖੇਗਾ, ਉਸ ਹਾਲ ਰਹਾਂਗੀ ।" ਆਪ ਜੀ ਨੇ ਪਤੀ ਨੂੰ ਘਰ ਰਹਿ ਕੇ ਹੀ ਭਗਤੀ ਦ੍ਰਿੜ ਕਰਨ ਲਈ ਪ੍ਰੇਰਿਆ । ਪਰ ਲਹਿਣਾ ਜੀ ਨੇ ਸਮਝਾਇਆ ਕਿ ਜਿੱਥੇ ਉਹ ਜਾ ਰਹੇ ਹਨ ਉੱਥੇ ਗ੍ਰਿਹਸਤ ਵਿੱਚ ਰਹਿ ਕੇ ਹੀ ਜੋਗ ਕਮਾਉਣ ਦੀ ਜਾਚ ਸਿਖਾਈ ਜਾਂਦੀ ਹੈ ਤਾਂ ਮਾਤਾ ਖੀਵੀ ਜੀ ਨੇ ਖਿੜੇ ਮੱਥੇ ਆਪ ਜੀ ਨੂੰ ਜਾਣ ਦਿੱਤਾ, ਪਰ ਗ੍ਰਿਹਿਸਤ ਦਾ ਸਾਰਾ ਭਾਰ ਵੀ ਮਾਤਾ ਜੀ ਉੱਤੇ ਹੀ ਆ ਪਿਆ । ਬੱਚੇ ਬਹੁਤ ਛੋਟੇ ਸਨ, ਉਹਨਾਂ ਦੀ ਪਾਲਣਾ ਮਾਤਾ

ਖੀਵੀ ਜੀ ਨੇ ਆਪਣੇ ਪਿਤਾ ਭਾਈ ਦੇਵੀ ਚੰਦ ਜੀ ਦੇ ਸਹਿਯੋਗ ਨਾਲ ਕੀਤੀ । ਜੇ ਭਾਈ ਲਹਿਣਾ ਜੀ ਸੱਤ ਸਾਲ (ਸੰਨ 1532 ਈਸਵੀ -ਸੰਨ 1539 ਈਸਵੀ) ਤੱਕ ਗੁਰੂ ਨਾਨਕ ਸਾਹਿਬ ਜੀ ਕੋਲ ਰਹਿ ਕੇ ਸੇਵਾ ਕਰ ਰਹੇ ਸਨ ਤਾਂ ਖੀਵੀ ਜੀ ਘਰ ਵਿੱਚ ਹੀ ਸੇਵਾ ਵਿੱਚ ਲੀਨ ਹੋ ਰਹੇ ਸਨ । ਜਦ ਭਾਈ ਲਹਿਣਾ ਜੀ ਸੰਨ 1539 ਈਸਵੀ ਵਿੱਚ ਗੁਰੂ ਅੰਗਦ ਰੂਪ ਹੋ ਕੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਉੱਤੇ ਬੈਠੇ ਤਾਂ ਮਾਤਾ ਖੀਵੀ ਜੀ ਉੱਤੇ ਵੀ ਵੱਡੀ ਜ਼ਿੰਮੇਵਾਰੀ ਆ ਪਈ । ਜੋ ਬੂਟਾ ਗੁਰੂ ਨਾਨਕ ਸਾਹਿਬ ਜੀ ਨੇ ਲਾਇਆ ਸੀ, ਉਸ ਦੀ ਸੰਭਾਲ ਕਰਨ ਦੀ ਲੋੜ ਜ਼ਿਆਦਾ ਸੀ । ਜੇਕਰ ਗੁਰ-ਸ਼ਬਦ ਦਾ ਪ੍ਰਚਾਰ ਗੁਰੂ ਅੰਗਦ ਸਾਹਿਬ ਜੀ ਕਰ ਰਹੇ ਸਨ ਤਾਂ ਸੰਗਤ ਦੀ ਸੇਵਾ ਸੰਭਾਲ ਦਾ ਕਾਰਜ ਮਾਤਾ ਖੀਵੀ ਜੀ ਕਰ ਰਹੇ ਸਨ ।

ਗੁਰੂ ਅੰਗਦ ਸਾਹਿਬ ਜੀ, ਸਿੱਖੀ ਦੇ ਬੂਟੇ ਨੂੰ ਇੱਕ ਥਾਂ ਟਿੱਕ ਕੇ ਪਾਣੀ ਦੇਣ ਖ਼ਾਤਰ, ਕਦੀ ਹਰੀ ਕੇ ਪੱਤਣ ਤੋਂ ਅੱਗੇ ਨਹੀਂ ਲੰਘੇ । ਆਪ ਜੀ ਨੇ ਸਿੱਖੀ ਦੀ ਜੜ੍ਹ ਮਜ਼ਬੂਤ ਕਰਨ ਲਈ ਇੱਕ ਟਿਕਾਣਾ ਕਰ ਲਿਆ ਤੇ ਕੋਈ ਵੀ ਲੰਮਾ ਪ੍ਰਚਾਰ ਦੌਰਾ ਨਹੀਂ ਕੀਤਾ । ਉਸ ਸਮੇਂ ਗੁਰੂ ਨਾਨਕ ਸਾਹਿਬ ਜੀ ਦੇ ਘਰ ਆਉਣ ਵਾਲੀ ਸੰਗਤ ਦੀ ਸੇਵਾ-ਸੰਭਾਲ ਜਿਵੇਂ ਮਾਤਾ ਖੀਵੀ ਜੀ ਨੇ ਸੁਚੱਜੇ ਰੂਪ ਵਿੱਚ ਕੀਤੀ, ਉਹ ਆਪਣੀ ਮਿਸਾਲ

ਆਪ ਹੀ ਹੈ । ਬਾਹਰੋਂ ਆਈ ਭੇਟਾ ਅਤੇ ਲੰਗਰ ਦੀ ਸੰਭਾਲ ਦਾ ਸਾਰਾ ਹੀ ਪ੍ਰਬੰਧ ਆਪ ਜੀ ਨੇ ਆਪਣੇ ਜ਼ਿੰਮੇ ਲੈ ਲਿਆ ਤਾਂ ਕਿ ਇਸ ਵਿੱਚ ਕਿਸੇ ਕਿਸਮ ਦੀ ਕੋਈ ਕਮੀ ਨਾ ਆਵੇ ।

ਮਾਤਾ ਖੀਵੀ ਜੀ ਖਡੂਰ ਸਾਹਿਬ ਬਹੁਤ ਤੜਕੇ ਉਠਦੇ । ਘਰ ਦੇ ਕੰਮ-ਕਾਜ ਤੋਂ ਵਿਹਲੇ ਹੋ ਕੇ ਲੰਗਰ ਦੀ ਸੇਵਾ ਵਿੱਚ ਲਗ ਜਾਂਦੇ । ਆਪ ਜੀ ਨੇ ਬਾਬਾ ਬੁੱਢਾ ਜੀ, ਭਾਈ ਜੋਧ ਰਸੋਈਆ ਅਤੇ ਭਾਈ ਕਿਦਾਰਾ ਜੀ ਨੂੰ ਵੱਖ-ਵੱਖ ਕਾਰਜ ਸੌਂਪ ਦਿੱਤੇ । ਆਪ ਜੀ ਨੇ ਐਸੀ ਜੁਗਤ ਤੇ ਸਿਆਣਪ ਨਾਲ ਇਹ ਸਭ ਕੁਝ ਸੰਭਾਲਿਆ ਕਿ ਕਿਸੇ ਨੂੰ ਕਿਸੇ ਵੀ ਕਿਸਮ ਦੀ ਤਕਲੀਫ਼ ਨਾ ਹੋਣ ਦਿੱਤੀ, ਤੋਟ ਤਾਂ ਕਦੀ ਆਉਂਦੀ ਹੀ ਨਹੀਂ ਸੀ । ਹਰ ਵੱਡਾ-ਛੋਟਾ, ਗ਼ਰੀਬ-ਅਮੀਰ ਸੱਭ ਇੱਕੋ ਜਿਹੀ ਸੰਭਾਲ ਪਾਉਂਦੇ । ਆਪ ਜੀ ਨੇ ਲੰਗਰ ਦੀ ਪੌਸ਼ਟਿਕਤਾ ਨੂੰ ਵੀ ਗੁਰੂ ਘਰ ਲਈ ਆਈਆਂ ਹੋਈਆਂ ਭੇਟਾਵਾਂ ਦੀ ਖੁੱਲੀ ਵਰਤੋਂ ਨਾਲ ਭਰਪੂਰ ਰਖਿਆ । ਪੁੱਤਰਾਂ ਨੂੰ ਸਦਾ ਕਿਰਤ ਕਰਕੇ ਖਾਣ ਦਾ ਹੁਕਮ ਦਿੱਤਾ ਹੋਇਆ ਸੀ ਤਾਂ ਕਿ ਪੁੱਤਰ ਧਰਮਸ਼ਾਲਾ ਤਕ ਹੀ ਸੀਮਿਤ ਨਾ ਹੋ ਜਾਣ । ਆਪ ਜੀ ਨੇ ਸੁਚੱਜੀ ਮਾਂ ਬਣ ਕੇ ਆਪਣੀਆਂ ਬੱਚੀਆਂ ਨੂੰ ਘਰ ਗ੍ਰਿਹਸਤੀ ਦੇ ਨਾਲ-ਨਾਲ ਬਾਣੀ ਵੀ ਕੰਠ ਕਰਵਾਈ । ਬੀਬੀ ਅਮਰੋ ਜੀ ਆਪ ਜੀ ਦੀ ਸਪੁੱਤਰੀ ਸਨ, ਜਿਹਨਾਂ ਕੋਲੋਂ ਬਾਣੀ ਸੁਣਨ ਕਾਰਣ ਬਾਬਾ ਅਮਰਦਾਸ ਜੀ ਗੁਰੂ ਘਰ ਦੇ ਹੀ ਹੋ ਗਏ ।

ਜਦੋਂ ਆਪ ਜੀ ਦੇ ਸਪੁੱਤਰਾਂ ਦਾਤੂ ਜੀ ਅਤੇ ਦਾਸੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਮਿਲਣ ਉੱਤੇ ਵਿਰੋਧਤਾ ਪ੍ਰਗਟਾਈ ਤਾਂ ਆਪ ਜੀ ਨੇ ਦੋਹਾਂ ਬੱਚਿਆਂ ਨੂੰ ਗੁਰੂ ਅਮਰਦਾਸ ਸਾਹਿਬ ਜੀ ਦੇ ਸਾਹਮਣੇ ਕਰ ਕੇ ਮੁਆਫ਼ੀ ਮੰਗਵਾਈ ।

ਐਸੇ ਸਮੇਂ ਤੇ ਆਪ ਜੀ ਨੇ ਪਤੀ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦੀ ਜੋ ਦ੍ਰਿੜਤਾ ਦਿਖਾਈ, ਉਹ ਸੱਭ ਸਿੱਖ ਬੀਬੀਆਂ ਲਈ ਮਿਸਾਲ ਹੈ । ਆਪ ਜੀ ਗੁਰੂ ਅੰਗਦ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਵੀ ਖਡੂਰ ਸਾਹਿਬ ਵਿਖੇ ਲੰਗਰ ਦੀ ਸੇਵਾ ਉਸੇ ਤਨਦੇਹੀ ਨਾਲ ਕਰਦੇ ਰਹੇ । ਭਾਵੇਂ ਕਾਫ਼ੀ ਬਿਰਧ ਹੋ ਗਏ ਸਨ, ਪਰ ਲੰਗਰ ਦੀ ਨਿਗ਼ਰਾਨੀ ਉਸੇ ਤਰ੍ਹਾਂ ਹੀ ਕਰਦੇ ਰਹੇ । ਜਦੋਂ ਅੰਮ੍ਰਿਤਸਰ ਦਾ ਨਗਰ ਵਸਿਆ ਤਾਂ ਕੁਝ ਚਿਰ ਉੱਥੇ ਵੀ ਸੇਵਾ ਕਰਦੇ ਰਹੇ । ਸੰਨ 1582 ਈਸਵੀ ਵਿੱਚ ਖਡੂਰ ਸਾਹਿਬ ਵਿਖੇ ਹੀ ਗੁਰਪੁਰੀ ਸਿਧਾਰੇ ਅਤੇ ਗੁਰੂ ਅਰਜਨ ਸਾਹਿਬ ਜੀ ਨੇ ਆ ਕੇ ਹੱਥੀਂ ਸਸਕਾਰ ਕੀਤਾ ।

ਮਾਤਾ ਖੀਵੀ ਜੀ ਅਤਿ ਧੀਰਜ ਸੁਭਾਅ ਦੇ ਮਾਲਕ, ਬੁੱਧੀਮਾਨ, ਧਰਮ ਦੀ ਮੂਰਤ, ਸਦਾ ਰਜ਼ਾ ਵਿੱਚ ਰਾਜ਼ੀ ਰਹਿਣਾ ਅਤੇ ਹਮੇਸ਼ਾਂ ਖੇੜੇ ਵਿੱਚ ਰਹਿਣ ਵਾਲੀ ਸ਼ਖ਼ਸੀਅਤ ਸਨ, ਜੋ ਸਿੱਖ ਕੌਮ ਅਤੇ ਵਿਸ਼ੇਸ਼ ਤੌਰ ਤੇ ਸਿੱਖ ਬੀਬੀਆਂ ਲਈ ਹਮੇਸ਼ਾਂ ਪ੍ਰੇਰਣਾ ਸ੍ਰੋਤ ਵਜੋਂ ਕੰਮ ਆਵੇਗੀ । ਭਾਈ ਬਲਵੰਡ ਜੀ ਆਪਣੀ ਵਾਰ ਵਿੱਚ, ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਮਾਤਾ ਖੀਵੀ ਜੀ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹੇਠ ਲਿਖੇ ਸਤਿਕਾਰ ਭਰਪੂਰ ਬਚਨ ਉਚਾਰਦੇ ਹਨ :-

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥**
**ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥ ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥**
**ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥3॥** (ਗੁਰੂ ਗ੍ਰੰਥ ਸਾਹਿਬ-ਅੰਗ 967)

GurmatStudy Team